# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਮਿਤੀ 28 ਅਗਸਤ, 2015 (ਸ਼ੁੱਕਰਵਾਰ) ਨੂੰ 11.30 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।**

**ਹਾਜ਼ਰ:-**

1. ਡਾ. ਅ.ਸ. ਬਰਾੜ<br>ਉਪ-ਕੁਲਪਤੀ . . . (ਸਭਾਪਤੀ)
2. ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ,<br>ਪ੍ਰਿੰਸੀਪਲ, ਐਸ.ਆਰ. ਸਰਕਾਰੀ ਕਾਲਜ ਫਾਰ ਵੂਮੈਨ, ਅੰਮ੍ਰਿਤਸਰ।<br>(ਨੁਮਾਇੰਦਾ- ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ)
3. ਡਾ. ਅੰਮ੍ਰਿਤ ਪਾਲ ਕੌਰ
4. ਡਾ. (ਮਿਸਿਜ਼) ਆਸ਼ਾ ਨਾਰੰਗ
5. ਡਾ. ਅਮਰਜੀਤ ਸਿੰਘ ਸਿੱਧੂ
6. ਸ਼੍ਰੀਮਤੀ ਭੁਪਿੰਦਰ ਕੌਰ
7. ਡਾ. ਧਰਮਜੀਤ ਸਿੰਘ
8. ਡਾ. ਗੁਰਮੀਤ ਸਿੰਘ
9. ਡਾ. (ਮਿਸਿਜ਼) ਗੁਰਚਰਨ ਕੌਰ
10. ਮਿਸਿਜ਼ ਗੁਰਨਾਮ ਕੌਰ ਬੇਦੀ
11. ਡਾ. ਇਕਬਾਲ ਸਿੰਘ
12. ਡਾ. (ਮਿਸਿਜ਼) ਜਸਮੀਤ ਸੰਧੂ
13. ਸ. ਜਗਦੀਸ਼ ਸਿੰਘ
14. ਸ. ਜਸਪਾਲ ਸਿੰਘ ਬੱਗਾ
15. ਸ਼੍ਰੀਮਤੀ ਜੋਤੀ ਸੈਣੀ
16. ਮੇਜਰ ਜਨਰਲ ਜੇ.ਐਸ. ਘੁੰਮਣ
17. ਡਾ. ਕਮਲੇਸ਼ ਸਿੰਘ ਦੁੱਗਲ
18. ਮਿਸਿਜ਼ ਕਿੰਦਰਜੀਤ ਕੌਰ
19. ਸ਼੍ਰੀ ਕੇ.ਐਸ. ਰੇਖੀ
20. ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ
21. ਮਿਸ. ਮਨਜੀਤ ਕੌਰ
22. ਸ. ਨਾਨਕ ਸਿੰਘ
23. ਮਿਸ. ਨਵਿਤਾ
24. ਡਾ. ਪਰਮਜੀਤ ਸਿੰਘ<br>ਡੀਨ, ਅਕਾਦਮਿਕ ਮਾਮਲੇ

25. ਸ਼੍ਰੀਮਤੀ ਪਰਵਿੰਦਰ ਕੌਰ ਸਚਦੇਵਾ
26. ਸ. ਪ੍ਰੇਮ ਸਿੰਘ
27. ਸ਼੍ਰੀ ਪ੍ਰਮੋਦ ਸ਼ਰਮਾ
28. ਡਾ. ਰਵੀ ਚਾਂਦ ਸਿੰਘ
29. ਸ. ਰਜਿੰਦਰ ਮੋਹਨ ਸਿੰਘ ਛੀਨਾ
30. ਸ਼੍ਰੀ ਆਰ.ਐਸ. ਕਾਲੜਾ
31. ਡਾ. ਰਾਏ ਜਸਬੀਰ ਸਿੰਘ
32. ਮਿਸ. ਰਮਾ ਰਾਣੀ
33. ਸ਼੍ਰੀ ਰਜਨੀਸ਼ ਕੁਮਾਰ
34. ਡਾ. ਸੁਖਦੇਵ ਸਿੰਘ
    (ਡੀਨ, ਐਗਰੀਕਲਚਰ ਤੇ ਫੋਰੈਸਟਰੀ ਫੈਕਲਟੀ)
35. ਡਾ. ਸੁਬੋਧ ਕੁਮਾਰ
36. ਡਾ. ਸੁਖਦੇਵ ਸਿੰਘ
    (ਪ੍ਰੋਫੈਸਰ ਅਤੇ ਮੁਖੀ, ਅੰਗ੍ਰੇਜ਼ੀ ਵਿਭਾਗ)
37. ਡਾ. ਸੁਨੀਲ ਕੁਮਾਰ ਬਾਰੀਆ
38. ਡਾ. ਐਸ.ਪੀ. ਸਿੰਘ
39. ਡਾ. ਐਸ.ਐਸ. ਜੌਹਲ
40. ਡਾ. ਸ਼ਰਨਜੀਤ ਸਿੰਘ ਢਿੱਲੋਂ
    ਰਜਿਸਟਰਾਰ . . . (ਸਕੱਤਰ)

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ ‘ਤੇ ਸਮੂਹ ਮੈਂਬਰ ਸਾਹਿਬਾਨ ਨੂੰ ‘ਜੀ ਆਇਆਂ’ ਆਖਿਆ।

ਉਨ੍ਹਾਂ ਸੈਨੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ – ਡਾ. ਐਚ. ਐਸ. ਭਾਟੀਆ, ਡਾ. ਏ.ਜੇ.ਐਸ. ਭੰਵਰ, ਡਾ.(ਮਿਸਿਜ਼) ਰੁਪਿੰਦਰਜੀਤ ਕੌਰ ਗਰੇਵਾਲ, ਡਾ. ਸੁਚਾਰਿਤਾ ਸ਼ਰਮਾ ਅਤੇ ਡਾ. ਸੁਖਬੀਰ ਕੌਰ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਵਡਮੁੱਲੇ ਸੁਝਾਅ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਸੈਨੇਟ ਉੱਤੇ ਡਾ. ਗੁਰਮੀਤ ਸਿੰਘ, ਡਾ.(ਮਿਸਿਜ਼) ਗੁਰਚਰਨ ਕੌਰ, ਡਾ. ਧਰਮਜੀਤ ਸਿੰਘ, ਡਾ. ਸੁਨੀਲ ਕੁਮਾਰ ਬਾਰੀਆ, ਮਿਸਿਜ਼ ਕਿੰਦਰਜੀਤ ਕੌਰ, ਮੇਜਰ ਜਨਰਲ ਜੇ.ਐਸ. ਘੁੰਮਣ, ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 11.3.2015 ਅਤੇ 18.3.2015 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 11.3.2015 ਅਤੇ 18.3.2015 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 11.3.2015 ਅਤੇ 18.3.2015 ਦੇ ਨਿਰਣਿਆਂ ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 11.3.2015 ਅਤੇ 18.3.2015 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ (**ਅੰਤਿਕਾਵਾਂ** ਅਨੁਸਾਰ) **ਨੋਟ** ਕੀਤੀ ਗਈ।

**ਸੈਨੇਟ ਦੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

3. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 14(1) ਦੀ ਧਾਰਾ (viii) ਅਧੀਨ ਮਿਤੀ 1.7.2015 ਤੋਂ 30.6.2016 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਸਬੰਧੀ ਵਿਚਾਰ ਹੋਈ।

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 14(1) ਦੀ ਧਾਰਾ (viii) ਅਧੀਨ ਮਿਤੀ 1.7.2015 ਤੋਂ 30.6.2016 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਯੂਨੀਵਰਸਿਟੀ ਦੀ 45ਵੀਂ ਸਾਲਾਨਾ ਰਿਪੋਰਟ ਦੀ ਪਰਵਾਨਗੀ।**

4. ਸਾਲ 2014 ਲਈ ਯੂਨੀਵਰਸਿਟੀ ਦੀ 45ਵੀਂ ਸਾਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਉੱਤੇ ਵਿਚਾਰ ਹੋਈ।

ਸਲਾਨਾ ਰਿਪੋਰਟ ਉਤੇ ਆਮ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਸਾਲ 2014 ਦੌਰਾਨ ਸਮੂਹ ਸੈਨੇਟ ਮੈਂਬਰ ਸਾਹਿਬਾਨ ਵੱਲੋਂ ਯੂਨੀਵਰਸਿਟੀ ਨੂੰ ਦਿੱਤੇ ਸਹਿਯੋਗ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਦੱਸਿਆ ਕਿ ਸਾਡੀ ਯੂਨੀਵਰਸਿਟੀ ਖੇਡਾਂ ਦੇ ਖੇਤਰ ਵਿਚ ਦੂਜੇ ਸਥਾਨ ‘ਤੇ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿਖੇ ਨਵੰਬਰ, 2014 ਵਿਚ NAAC ਟੀਮ ਆਈ ਸੀ, ਉਸ ਨੇ ਯੂਨੀਵਰਸਿਟੀ ਨੂੰ 4 ਵਿਚੋਂ 3.51 ਗਰੇਡ ਦਿੱਤਾ ਹੈ। ਗ੍ਰੈਜੂਏਸ਼ਨ ਅਤੇ ਪੋਸਟ-ਗ੍ਰੈਜੂਏਸ਼ਨ ਕੋਰਸਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਦੀ ਵਧ ਰਹੀ ਗਿਣਤੀ ਇਹ ਦਰਸਾਉਂਦੀ ਹੈ ਕਿ ਯੂਨੀਵਰਸਿਟੀ ਦੀ ਸਿੱਖਿਆ ਦਾ ਮਿਆਰ ਉੱਚਾਈ ਵੱਲ ਵਧ ਰਿਹਾ ਹੈ। ਯੂਨੀਵਰਸਿਟੀ ਕੈਂਪਸਜ਼ ਅਤੇ ਕਾਂਸਟੀਚੂਐਂਟ ਕਾਲਜਾਂ ਵਿਚ ਵੱਖ-ਵੱਖ ਫ਼ੈਕਲਟੀਆਂ ਦੇ ਅਧੀਨ 24,000 ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਜਾ ਰਹੀ ਹੈ। ਨੈਸ਼ਨਲ ਪੱਧਰ ‘ਤੇ ਸਾਡੀ ਯੂਨੀਵਰਸਿਟੀ ਪੰਜਵੀਂ ਪੁਜੀਸ਼ਨ ‘ਤੇ ਹੈ। ਸਾਡੀ ਯੂਨੀਵਰਸਿਟੀ ਬਨਾਰਸ ਹਿੰਦੂ ਯੂਨੀਵਰਸਿਟੀ, ਮਦਰਾਸ ਯੂਨੀਵਰਸਿਟੀ, ਓਸਮਾਨੀਆ ਯੂਨੀਵਰਸਿਟੀ, ਆਧਰਾਂ ਪ੍ਰਦੇਸ਼ ਯੂਨੀਵਰਸਿਟੀ ਅਤੇ ਪੰਜਾਬ ਯੂਨੀਵਰਸਿਟੀ ਨਾਲੋਂ ਕਿਤੇ ਵਧੀਆ ਹੈ।

**ਸੈਨੇਟ ਦੇ ਸਮੂਹ ਮੈਂਬਰ ਸਾਹਿਬਾਨ ਨੇ ਉਪ-ਕੁਲਪਤੀ ਸਾਹਿਬ ਦੀ ਵਧੀਆ ਕਾਰਗੁਜ਼ਾਰੀ ਲਈ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਅਤੇ ਵਧਾਈ ਦਿੱਤੀ।**

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਦੱਸਿਆ ਕਿ NAAC ਕਮੇਟੀ ਨੇ ਸਾਡੇ Sophisticated Intruments, ਸੈਂਟਰ ਆਫ ਲਾਈਫ ਲੌਂਗ ਲਰਨਿੰਗ ਅਤੇ ਕਰੈਡਿਟ ਬੇਸਡ ਸਿਸਟਮ ਆਫ ਇਵੈਲੂਏਸ਼ਨ ਦੀ ਕਾਫੀ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਮੈਨੂੰ ਮੈਂਬਰ ਸਾਹਿਬਾਨ ਨੂੰ ਇਹ ਦੱਸਣ ਵਿਚ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਯੂ.ਜੀ.ਸੀ. ਵੱਲੋਂ ਜੋ ਵੀ ਸੁਝਾਅ ਦਿੱਤੇ ਗਏ, ਉਨ੍ਹਾਂ ਨੂੰ ਯੂਨੀਵਰਸਿਟੀ ਵਿਚ ਹੁਬਹੂ ਲਾਗੂ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੀ ਤਰੱਕੀ ਵਿਚ ਇੱਥੋਂ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਦਾ ਬਹੁਤ ਵੱਡਾ ਯੋਗਦਾਨ ਹੈ। ਸਾਡੀ ਯੂਨੀਵਰਸਿਟੀ ਵਿਚ ਸਾਰੇ ਕੋਰਸਾਂ ਦੀਆਂ ਪ੍ਰੀਖਿਆਵਾਂ ਸਮੇਂ ਸਿਰ ਸੰਪਨ ਹੋ ਜਾਂਦੀਆ ਹਨ ਅਤੇ ਨਤੀਜੇ ਵੀ ਨਿਰਧਾਰਿਤ ਸਮੇਂ ਅੰਦਰ ਘੋਸ਼ਿਤ ਕਰ ਦਿੱਤੇ ਜਾਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇੰਟਰ-ਨੈਸ਼ਨਲ peer reviewed journals ਵਿਚ ਕੈਮਿਸਟਰੀ ਵਿਭਾਗ ਨੇ 150 ਪੇਪਰ ਪਬਲਿਸ਼ ਕੀਤੇ ਹਨ ਅਤੇ

ਪੀਐਚ.ਡੀ. ਕਰ ਰਹੇ ਸਾਰੇ ਵਿਦਿਆਰਥੀਆਂ ਨੂੰ ਫੈਲੋਸ਼ਿਪ ਦਿੱਤੀ ਜਾ ਰਹੀ ਹੈ। ਸਾਡੇ ਕੋਲ anti-plagiarism software ਹੈ। ਉਨ੍ਹਾਂ ਕਿਹਾ ਕਿ ਮੈਨੂੰ ਵਿਸ਼ਵਾਸ਼ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਯੂਨੀਵਰਸਿਟੀ ਹੋਰ ਵੀ ਤਰੱਕੀ ਕਰੇਗੀ ਅਤੇ ਬੁਲੰਦੀਆਂ ਨੂੰ ਛੂਹੇਗੀ। ਸਾਨੂੰ ਇੰਟਰਨੈਸ਼ਨਲ ਪੱਧਰ ‘ਤੇ compete ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸੈਨੇਟ, ਸਿੰਡੀਕੇਟ ਅਤੇ ਅਕਾਦਮਿਕ ਕੌਂਸਲ ਦੇ ਸਾਰੇ ਮੈਂਬਰ ਸਾਹਿਬਾਨ ਦਾ ਯੂਨੀਵਰਸਿਟੀ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

**ਸ. ਜਗਦੀਸ਼ ਸਿੰਘ**

ਉਨ੍ਹਾਂ ਨੇ ਉਪ-ਕੁਲਪਤੀ ਸਾਹਿਬ ਨੂੰ ਉਨ੍ਹਾਂ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸ. ਬਿਸ਼ਨ ਸਿੰਘ ਸਮੁੰਦਰੀ ਪਹਿਲੇ ਉਪ-ਕੁਲਪਤੀ ਸਨ ਜੋ ਕਿ 9 ਸਾਲ ਦੇ ਸਮੇਂ ਲਈ ਇਸ ਯੂਨੀਵਰਸਿਟੀ ਵਿਖੇ ਉਪ-ਕੁਲਪਤੀ ਰਹੇ ਸਨ ਅਤੇ ਸਾਡੇ ਵਰਤਮਾਨ ਉਪ-ਕੁਲਪਤੀ ਜੀ ਨੂੰ ਵੀ 9 ਸਾਲ ਲਈ ਇਸ ਯੂਨੀਵਰਸਿਟੀ ਦੀ ਸੇਵਾ ਨਿਭਾਉਣ ਦਾ ਅਵਸਰ ਪ੍ਰਾਪਤ ਹੋਇਆ ਹੈ। ਯੂਨੀਵਰਸਿਟੀ ਦੀ ਇਹ ਇਕ ਬਹੁਤ ਵੱਡੀ ਪ੍ਰਾਪਤੀ ਹੈ। ਯੂਨੀਵਰਸਟੀ ਦੀ ਸਲਾਨਾ ਰਿਪੋਰਟ ਬਹੁਤ ਵਧੀਆ ਹੈ। ਅਸੀਂ ਸਾਰੇ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੰਦੇ ਹਾਂ।

**ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ**

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਅਕਾਦਮਿਕ ਖੇਤਰ ਵਿਚ ਅਤੇ ਪਲੇਸਮੈਂਟ ਪੱਖੋਂ ਕਾਫੀ ਅੱਗੇ ਵਧ ਰਹੀ ਹੈ। ਉਨ੍ਹਾਂ ਨੂੰ ਇਸ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੇ ਦਾਖਲਿਆਂ ਦੀ ਵਧ ਰਹੀ ਗਿਣਤੀ ਨੂੰ ਦੇਖ ਕੇ ਬੜੀ ਖੁਸ਼ੀ ਹੋਈ ਹੈ। ਉਨ੍ਹਾਂ NAAC ਟੀਮ ਵੱਲੋਂ ਯੂਨੀਵਰਸਿਟੀ ਦੇ ਹਿਤ ਵਿਚ ਵਧੀਆ ਰਿਪੋਰਟ ਦੇਣ ਲਈ ਉਪ-ਕੁਲਪਤੀ ਸਾਹਿਬ ਦੀ ਪ੍ਰਸ਼ੰਸਾ ਕੀਤੀ। ਸਾਲ 2014 ਦੀ ਸਲਾਨਾ ਰਿਪੋਰਟ ਯੂਨੀਵਰਸਿਟੀ ਵਿਖੇ ਹੋ ਰਹੀਆਂ ਵੱਖ-ਵੱਖ ਗਤੀਵਿਧੀਆਂ ਨੂੰ ਦਰਸਾਉਂਦੀ ਹੈ, ਜੋ ਕਿ ਉਤਸ਼ਾਹਯੋਗ ਹੈ। ਉਨ੍ਹਾਂ ਵਧੀਆ ਸਲਾਨਾ ਰਿਪੋਰਟ ਪੇਸ਼ ਕਰਨ ਲਈ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਇਸ ਯੂਨੀਵਰਸਿਟੀ ਵਿਚ ਜੁਆਇਨ ਕੀਤਾ ਸੀ ਉਦੋਂ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਸੀ। ਅਸੀਂ 6 ਕਾਂਸਟੀਚੂਐਂਟ ਕਾਲਜ, ਰਿਜਨਲ ਕੈਂਪਸ, ਸਠਿਆਲਾ ਅਤੇ ਰਿਜਨਲ ਕੈਂਪਸ, ਫੱਤੂ ਢੀਂਗਾ ਖੋਲ੍ਹੇ । ਉਦੋਂ ਰਿਜਨਲ ਕੈਂਪਸ ਸਠਿਆਲਾ 50 ਵਿਦਿਆਰਥੀਆਂ ਨਾਲ ਸ਼ੁਰੂ ਕੀਤਾ ਗਿਆ ਸੀ ਅਤੇ ਹੁਣ ਇੱਥੇ ਵਿਦਿਆਰਥੀਆਂ ਦੀ ਗਿਣਤੀ ਵਧ ਕੇ 2000 ਹੋ ਗਈ ਹੈ। ਇਕ ਕਾਲਜ ਜਲੰਧਰ ਵਿਚ ਵੀ ਸਥਾਪਿਤ ਕੀਤਾ ਗਿਆ। ਇਸਦਾ ਸੇਹਰਾ ਮਾਝਾ ਅਤੇ ਦੋਆਬਾ ਖੇਤਰਾਂ ਦੇ ਲੋਕਾਂ ਨੂੰ ਜਾਂਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਮਾਲਵਾ ਖੇਤਰ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ ਪਰ ਉਹ ਸਾਡੇ ਅਧਿਕਾਰ ਖੇਤਰ ਤੋਂ ਬਾਹਰ ਹੈ। ਸਠਿਆਲਾ ਦੇ ਲੋਕਾਂ ਨੇ ਸਾਨੂੰ ਛੇ ਏਕੜ

ਜਮੀਨ ਦਿੱਤੀ ਸੀ, ਇੱਥੇ infrastructure ਹੋਰ ਵਧਾਉਣ ਲਈ ਪੈਸੇ ਦੀ ਜ਼ਰੂਰਤ ਹੈ ਪਰ ਸਾਨੂੰ ਖੇਦ ਹੈ ਕਿ ਸਾਡੇ ਕੋਲ ਇੰਨਾ ਪੈਸਾ ਨਹੀਂ ਹੈ।

**ਡਾ. ਐਸ.ਐਸ. ਜੋਹਲ**

ਉਨ੍ਹਾਂ ਕਿਹਾ ਕਿ ਸਾਲ 2014 ਦੀ ਸਲਾਨਾ ਰਿਪੋਰਟ ਬਹੁਤ ਵਧੀਆ ਹੈ। ਉਨ੍ਹਾਂ ਕਿਹਾ ਕਿ ਉਹ ਉਪ-ਕੁਲਪਤੀ ਸਾਹਿਬ ਨੂੰ ਇਸ ਗੱਲ ਦੀ ਵਧਾਈ ਦੇਣਾ ਚਾਹੁੰਦੇ ਹਨ ਕਿ ਦੂਜੀਆਂ ਯੂਨੀਵਰਸਿਟੀਆਂ ਦੇ ਮੁਕਾਬਲੇ ਇਹ ਯੂਨੀਵਰਸਿਟੀ ਵਧੀਆ ਸਥਾਨ ‘ਤੇ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪਣਾ ਬਣਦਾ ਮੁਕਾਮ ਹਾਸਿਲ ਕਰ ਲਿਆ ਹੈ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਸਾਡੀਆਂ ਪਬਲੀਕੇਸ਼ਨਜ਼ ਬਹੁਤ ਵਧੀਆ ਕੁਆਲਿਟੀ ਦੀਆਂ ਹਨ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਵਿਚ ਜੁਆਇਨ ਕੀਤਾ ਸੀ ਤਾਂ ਉਸ ਸਮੇਂ ਪਲਾਨਿੰਗ ਅਤੇ ਕੰਪਿਊਟਰ ਸਾਇੰਸ ਵਿਭਾਗਾਂ ਵਿਚ ਕੋਈ ਵੀ ਪੀਐਚ.ਡੀ. ਹੋਲਡਰ ਫੈਕਲਟੀ ਮੈਂਬਰ ਨਹੀਂ ਸਨ। ਅਸੀਂ ਕੰਪਿਊਟਰ ਸਾਇੰਸ, ਪਲਾਨਿੰਗ ਅਤੇ ਆਰਕੀਟੈਕਚਰ ਵਿਭਾਗਾਂ ਵਿਚ ਪੀਐਚ.ਡੀ. ਕਰਾਉਣੀ ਸ਼ੁਰੂ ਕੀਤੀ ਅਤੇ ਹੁਣ ਇਸ ਸਮੇਂ ਇਨ੍ਹਾਂ ਵਿਭਾਗਾਂ ਵਿਚ ਬਹੁਤ ਸਾਰੇ ਫੈਕਲਟੀ ਮੈਂਬਰ ਪੀਐਚ.ਡੀ. ਹਨ। ਅਸੀਂ ਵਧੀਆ ਕੁਆਲਿਟੀ ਦੀਆਂ ਪਬਲੀਕੇਸ਼ਨਜ਼ ਪੈਦਾ ਕਰਨ ਦੀ ਹੋਰ ਵੀ ਕੋਸ਼ਿਸ ਕਰ ਰਹੇ ਹਾਂ।

**ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ**

ਉਨ੍ਹਾਂ ਕਿਹਾ ਕਿ ਪਲੇਸਮੈਂਟ ਬਹੁਤ ਅਹਿਮ ਹੈ। ਇਹ ਯੂਨੀਵਰਸਿਟੀ ਕਲਚਰਲ, ਅਕਾਦਮਿਕ ਅਤੇ ਸਪੋਰਟਸ ਗਤੀਵਿਧੀਆਂ ਵਿਚ ਕਾਫੀ ਅੱਗੇ ਵਧ ਰਹੀ ਹੈ। ਸਿਰਫ ਅਕਾਦਮਿਕ ਪੱਖ ਤੋਂ ਹੀ ਨਹੀਂ, ਬਲਕਿ ਵਿਦਿਆਰਥੀਆਂ ਦੀ ਸ਼ਖਸ਼ੀਅਤ ਵਿਚ ਹਰ ਪੱਖੋਂ ਨਿਖਾਰ ਆਉਣਾ ਜ਼ਰੂਰੀ ਹੈ। ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਇਸ ਯੂਨੀਵਰਸਿਟੀ ਨੂੰ NAAC ਟੀਮ ਵੱਲੋਂ 3.51 ਦਾ ਗਰੇਡ ਦਿੱਤਾ ਗਿਆ ਹੈ। ਉਹ ਇਹ ਵੀ ਦੁਆ ਕਰਦੇ ਹਨ ਕਿ ਇਹ ਯੂਨੀਵਰਸਿਟੀ ਭਵਿੱਖ ਵਿਚ ਹੋਰ ਵੀ ਤਰੱਕੀ ਕਰੇ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਦੱਸਿਆ ਕਿ ਗਦਰੀ ਬਾਬਿਆਂ ਵੱਲੋਂ ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਪਾਏ ਬਹੁਮੁੱਲੇ ਯੋਗਦਾਨ ‘ਤੇ ਖੋਜ ਕਰਨ ਹਿਤ ਇਸ ਯੂਨੀਵਰਸਿਟੀ ਵਿਖੇ ਸਾਲ 2015-16 ਤੋਂ ਪੰਜ ਸਾਲ ਲਈ ਅਸੀਂ ‘Chair for Ghadar Movement Studies’ ਸਥਾਪਿਤ ਕੀਤੀ ਹੈ। ਇਸ ਚੇਅਰ ਵਿਚ ਖੋਜ ਲਈ ਇਕ ਪ੍ਰੋਫੈਸਰ ਦੀ ਪਹਿਲਾਂ ਹੀ ਨਿਯੁਕਤੀ ਕੀਤੀ ਹੈ ਅਤੇ ਦੋ ਰਿਸਰਚ ਅਸਿਸਟੈਂਟ ਦੀ ਵੀ ਭਰਤੀ ਕਰ ਰਹੇ ਹਾਂ।

**ਡਾ.ਐਸ.ਪੀ. ਸਿੰਘ**

ਉਨ੍ਹਾਂ ਕਿਹਾ ਕਿ ਸਲਾਨਾ ਰਿਪੋਰਟ ਯੂਨੀਵਰਸਿਟੀ ਦੀ ਹੋ ਰਹੀ ਪ੍ਰਗਤੀ ਨੂੰ ਦਰਸਾਉਂਦੀ ਹੈ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਇਸ ਯੂਨੀਵਰਸਿਟੀ ਵਿਖੇ ਜੁਅਇਨ ਕੀਤਾ ਸੀ ਤਾਂ ਪੰਜਾਬ ਸਰਕਾਰ ਪਾਸੋਂ ਸਿਰਫ 20 ਕਰੋੜ ਰੁਪਏ ਦੀ ਗ੍ਰਾਂਟ ਹੀ ਮਿਲੀ ਸੀ। ਪਿਛਲੇ ਸਾਲ 35 ਕਰੋੜ ਰੁਪਏ ਦੀ ਗ੍ਰਾਂਟ ਮਿਲੀ ਸੀ ਅਤੇ ਇਸ ਸਾਲ 50 ਕਰੋੜ ਰੁਪਏ ਦੀ ਗ੍ਰਾਂਟ ਪੰਜਾਬ ਸਰਕਾਰ ਪਾਸੋਂ ਮਿਲੀ ਹੈ। ਰੂਰਲ ਇਲਾਕੇ ਦੇ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ। ਸਿਰਫ ਵਿਦਿਆਰਥੀਆਂ ਦੀ ਫੀਸਾਂ ਦੇ ਸਿਰ ਤੇ ਹੀ ਯੂਨੀਵਰਸਿਟੀ ਦੇ ਖਰਚੇ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ।

**ਸ. ਰਜਿੰਦਰ ਮੋਹਨ ਸਿੰਘ ਛੀਨਾ**

ਉਨ੍ਹਾਂ ਕਿਹਾ ਕਿ ਸਲਾਨਾ ਰਿਪੋਰਟ ਵਿਚ ਦਰਸਾਈਆਂ ਉਪਲੱਬਧੀਆਂ ‘ਤੇ ਸਾਨੂੰ ਮਾਣ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਸਰਕਾਰ ਫੰਡ ਦੇਣ ਤੋਂ ਮਨ੍ਹਾਂ ਕਰ ਰਹੀ ਸੀ। ਪਰ ਉਪ-ਕੁਲਪਤੀ ਸਾਹਿਬ ਨੇ ਫੰਡ ਪੈਦਾ ਕੀਤੇ ਅਤੇ NAAC ਟੀਮ ਵੱਲੋਂ ਜੋ ਕਮੀਆਂ ਦੱਸੀਆ ਗਈਆਂ, ਉਪ-ਕੁਲਪਤੀ ਸਾਹਿਬ ਨੇ ਉਨ੍ਹਾਂ ਨੂੰ ਦੂਰ ਕੀਤਾ। ਉਹ ਦਿਨ ਦੂਰ ਨਹੀਂ ਜਦੋਂ ਇਹ ਯੂਨੀਵਰਸਿਟੀ ਦੇਸ਼ ਦੀ ਨੰਬਰ ਇਕ ਯੂਨੀਵਰਸਿਟੀ ਬਣ ਜਾਵੇਗੀ।

**ਡਾ. ਅਮਰਜੀਤ ਸਿੰਘ ਸਿੱਧੂ**

ਉਨ੍ਹਾਂ ਕਿਹਾ ਕਿ ਸਾਲਾਨਾ ਰਿਪੋਰਟ ਬਹੁਤ ਵਧੀਆ ਹੈ। ਉਨ੍ਹਾਂ ਦੱਸਿਆ ਕਿ ਗੰਗਾ ਨਗਰ, ਅਬੋਹਰ, ਫਾਜ਼ਿਲਕਾ ਦੇ ਇਲਾਕਿਆਂ ਤੋਂ ਅਤੇ ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ ਰਾਜਾਂ ਤੋਂ ਅਤੇ ਕਈ ਹੋਰ ਦੂਰ ਦੇ ਇਲਾਕਿਆ ਤੋਂ ਵੀ ਵਿਦਿਆਰਥੀ ਇਸ ਯੂਨੀਵਰਸਿਟੀ ਵਿਚ ਦਾਖਲਾ ਲੈਣ ਲਈ ਆਉਂਦੇ ਹਨ। ਵਿਦਿਆਰਥੀਆਂ ਦੀ ਵਧ ਰਹੀ ਗਿਣਤੀ ਇਹ ਦਰਸਾਉਂਦੀ ਹੈ ਕਿ ਸਾਡੀ ਯੂਨੀਵਰਸਿਟੀ ਦੀ ਸਿੱਖਿਆ ਦਾ ਮਿਆਰ ਕਿੰਨਾ ਵਧੀਆ ਹੈ। ਸਾਡੀ ਯੂਨੀਵਰਸਿਟੀ ਨੇ ਕਾਫੀ ਵਧੀਆ ਸਥਾਨ ਬਣਾ ਲਿਆ ਹੈ। ਵਿਦਿਆਰਥੀਆਂ ਵੱਲੋਂ ਪਿਛਲੇ ਸਾਲਾਂ ਵਿਚ first preference ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਦਿੱਤੀ ਜਾਂਦੀ ਸੀ ਪਰ ਹੁਣ ਸਾਡੀ ਯੂਨੀਵਰਸਿਟੀ ਨੂੰ ਦਿੱਤੀ ਜਾ ਰਹੀ ਹੈ। ਹੁਣ ਮਾਲਵਾ ਖੇਤਰ ਦੇ ਵਿਦਿਆਰਥੀ ਵੀ ਸਾਡੀ ਯੂਨੀਵਰਸਿਟੀ ਵਿਚ ਦਾਖਲਾ ਲੈਣਾ ਚਾਹੁੰਦੇ ਹਨ।ਹੁਣੇ ਜਿਹੇ ਸਾਡੇ ਇਕ ਵਿਦਿਆਰਥੀ ਨੇ ਆਰਚਰੀ ਵਿਚ ਪੋਲੈਂਡ ਵਿਖੇ ਗੋਲਡ ਮੈਡਲ ਵੀ ਜਿੱਤਿਆ ਹੈ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਜਿਵੇਂ ਕਿ ਡਾ. ਏ.ਐਸ. ਸਿੱਧੂ ਨੇ ਦੱਸਿਆ ਹੈ, ਅਸੀਂ ਪੁਰਾਣੇ ਵਿਦਿਆਰਥੀਆਂ ਨੂੰ ਇਕ ਪਹਿਚਾਣ ਦਿੰਦੇ ਹਾਂ। ਅਭਿਸ਼ੇਕ ਵਰਮਾ ਜੋ ਕਿ ਇਸ ਯੂਨੀਵਰਸਿਟੀ ਦਾ ਵਿਦਿਆਰਥੀ ਰਿਹਾ ਹੈ, ਨੇ ਮਿਤੀ 11-16 ਅਗਸਤ, 2015 ਨੂੰ “Compound Men Individual Section” ਵਿਚ ਪੋਲੈਂਡ ਵਿਖੇ ਹੋਏ Archery World Cup Stage –III ਵਿਚ ਗੋਲਡ ਮੈਡਲ ਜਿੱਤਿਆ ਹੈ। ਯੂਨੀਵਰਸਿਟੀ ਲਈ ਇਹ ਇਕ ਬਹੁਤ ਹੀ ਮਾਣ ਵਾਲੀ ਗੱਲ ਹੈ। ਸਾਡੀ ਯੂਨੀਵਰਸਿਟੀ ਸਪੋਰਟਸ ਮੁਕਾਬਲਿਆਂ ਵਿਚ

ਦੂਜੇ ਸਥਾਨ ‘ਤੇ ਹੈ ਅਤੇ ਯੂਥ ਫੈਸਟੀਵਲ ਵਿਚ ਇਹ ਯੂਨੀਵਰਸਿਟੀ ਪਹਿਲੇ ਸਥਾਨ ‘ਤੇ ਹੈ।

**ਡਾ. ਐਸ. ਐਸ. ਜੋਹਲ**

ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦੇ ਵਿਦਿਆਰਥੀ ਸਪੋਰਟਸ ਐਕਟਿਵਿਟੀਜ਼ ਵਿਚ ਵਧੀਆ ਪ੍ਰਦਰਸ਼ਨ ਕਰ ਰਹੇ ਹਨ।

**ਰਜਿਸਟਰਾਰ ਸਾਹਿਬ**

ਉਨ੍ਹਾਂ ਦੱਸਿਆ ਕਿ ਸਾਡੀ ਯੂਨੀਵਰਸਿਟੀ ਵਿਚ ਲਗਭਗ ਇਕ ਮਹੀਨਾ ਯੂਥ ਫੈਸਟੀਵਲ ਚਲਦੇ ਹਨ, ਜਿਸ ਵਿਚ ਵੱਖ-ਵੱਖ ਜਿਲ੍ਹਿਆਂ ਦੇ ਮਾਨਤਾ ਪ੍ਰਾਪਤ ਕਾਲਜਾਂ ਦੇ ਚਾਰ ਜ਼ੋਨ ‘A’, ‘B’, ‘C’ ਅਤੇ ‘D’ ਬਣਾਏ ਹਨ ਇਕ ਜ਼ੋਨ ਵਿਚ ਐਜੂਕੇਸ਼ਨ ਕਾਲਜਾਂ ਦਾ ਯੂਥ ਫੈਸਟੀਵਲ ਕਰਵਾਇਆ ਜਾਂਦਾ ਹੈ ਅਤੇ ਇਕ ਜ਼ੋਨ ਵਿਚ ਸਰਕਾਰੀ/ਕਾਂਸਟੀਚੂਐਂਟ ਕਾਲਜਾਂ/ਐਸੋਸੀਏਟ ਇੰਸਟੀਚਊਟਸ ਦਾ ਯੂਥ ਫੈਸਟੀਵਲ ਕਰਵਾਇਆ ਜਾਂਦਾ ਹੈ। ਇਨ੍ਹਾਂ ਯੂਥ ਫੈਸਟੀਵਲਾਂ ਵਿਚੋਂ ਜੋ ਟੀਮਾਂ ਪਹਿਲੇ ਅਤੇ ਦੂਜੇ ਸਥਾਨ ਹਾਸਲ ਕਰਦੀਆਂ ਹਨ, ਉਨ੍ਹਾਂ ਲਈ ਇਕ Inter-Zonal Final Festival ਕਰਵਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਵੱਡੀ ਗਿਣਤੀ ਵਿਚ ਮਾਨਤਾ ਪ੍ਰਾਪਤ ਕਾਲਜਾਂ ਦੇ ਵਿਦਿਆਰਥੀ ਵੀ ਸਪੋਰਟਸ ਐਕਟਿਵਿਟੀਜ਼ ਵਿਚ ਹਿੱਸਾ ਲੈਂਦੇ ਹਨ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਦੱਸਿਆ ਕਿ 4000 ਤੋਂ ਵੀ ਜ਼ਿਆਦਾ ਵਿਦਿਆਰਥੀ ਸਪੋਰਟਸ ਐਕਟਿਵਿਟੀਜ਼ ਵਿਚ ਭਾਗ ਲੈਂਦੇ ਹਨ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿਚ ਜਸ਼ਨ ਫੈਸਟੀਵਲ ਵੀ ਕਰਵਾਇਆ ਜਾਂਦਾ ਹੈ, ਜਿਸ ਵਿਚ ਯੂਨੀਵਰਸਿਟੀ ਕੈਂਪਸ ਦੇ ਸਾਰੇ ਵਿਭਾਗਾਂ ਦੇ ਵਿਦਿਆਰਥੀ ਹਿੱਸਾ ਲੈਂਦੇ ਹਨ।

**ਡਾ. ਐਸ.ਐਸ. ਜੋਹਲ**

ਉਨ੍ਹਾਂ ਇੱਛਾ ਪ੍ਰਗਟ ਕੀਤੀ ਕਿ ਹਰ ਇਕ ਵਿਦਿਆਰਥੀ ਨੂੰ ਸਪੋਰਟਸ ਐਕਟਿਵਿਟੀਜ਼ ਵਿਚ ਹਿੱਸਾ ਲੈਣਾ ਚਾਹੀਦਾ ਹੈ।

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਸਾਲ 2014 ਲਈ ਯੂਨੀਵਰਸਿਟੀ ਦੀ 45ਵੀਂ ਸਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 29.6.2015 ਦੀਆਂ ਸਿਫਾਰਸ਼ਾਂ ਸਬੰਧੀ।**

5. ਸਿੰਡੀਕੇਟ ਦੀਆਂ ਮਿਤੀ 29.6.2015 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਤੇ ਵਿਚਾਰ ਹੋਈ ਕਿ:-

(ੳ) ਸੈਸ਼ਨ 2015-16 ਤੋਂ B.A./B.Sc. Applied Statistics (Semester I-VI) ਵਿਸ਼ੇ ਨੂੰ ਬੰਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 36)

(ਅ) ਸਕੱਤਰ, ਯੂ.ਜੀ.ਸੀ., ਨਵੀਂ ਦਿੱਲੀ ਵੱਲੋਂ ਪ੍ਰਾਪਤ ਪੱਤਰ ਨੰ: F.1-1/2012(SA-III) ਮਿਤੀ 13.3.2015 (**ਅੰਤਿਕਾ** ਅਨੁਸਾਰ) ਰਾਹੀਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦਿਆਂ ਸੈਸ਼ਨ 2015-16 ਤੋਂ ਜੰਮੂ-ਕਸ਼ਮੀਰ ਦੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਦੁਆਰਾ ਚਲਾਏ ਜਾਂਦੇ ਹਰੇਕ ਕੋਰਸ ਵਿਚ Supernumerary Quota ਅਧੀਨ ਵਾਧੂ 2 ਸੀਟਾਂ ਉਤਪੰਨ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 38)

(ੲ) ਸੈਸ਼ਨ 2015-16 ਤੋਂ ਰਿਜਨਲ ਕੈਂਪਸ, ਜਲੰਧਰ ਵਿਖੇ B.A.(Hons.) Journalism & Mass Communication (CBCEGS) ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 46)

(ਸ) ਸੈਸ਼ਨ 2015-16 ਤੋਂ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ (ਕਪੂਰਥਲਾ) ਵਿਖੇ ਬੀ.ਕਾਮ. ਦਾ ਇਕ ਹੋਰ ਯੂਨਿਟ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 52)

(ਹ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸ. ਜਸਵੰਤ ਸਿੰਘ ਰਾਏ ਮੈਮੋਰੀਅਲ ਟ੍ਰਸੱਟ, ਜਲੰਧਰ ਦਰਮਿਆਨ ਪੰਜ ਸਾਲ ਲਈ ਹੋਏ MoU ਦੀ ਮਿਆਦ, ਜੋ ਕਿ ਮਿਤੀ 12.2.2015 ਨੂੰ ਖਤਮ ਹੋ ਚੁੱਕੀ ਹੈ, ਦੀ ਮਿਆਦ ਵਿਚ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ 2015 ਤੋਂ ad-infinitum ਲਈ ਵਾਧਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 53)

(ਕ) ਮਾਤਾ ਸਾਹਿਬ ਕੌਰ ਖਾਲਸਾ ਕਾਲਜ ਫਾਰ ਵਿਮੈਨ, ਢੰਡੋਵਾਲ (ਸ਼ਾਹਕੋਟ), ਜਿਲ੍ਹਾ ਜਲੰਧਰ ਨੂੰ ਸੈਂਟਰ ਫਾਰ ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਸੈਸ਼ਨ 2015-16 ਤੋਂ ਬੀ.ਕਾਮ. ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 58)

(ਖ) NCTE ਦੇ ਨੋਟੀਫਿਕੇਸ਼ਨ ਨੰ: F.51-1/2014-NCTE (N&S) ਮਿਤੀ 28.11.2014 ਅਨੁਸਾਰ ਸੈਸ਼ਨ 2015-16 ਤੋਂ B.Ed. ਅਤੇ M.Ed. ਕੋਰਸਜ਼ ਦਾ duration ਇਕ ਸਾਲ ਤੋਂ ਬਦਲ ਕੇ ਦੋ ਸਾਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 80)

(ਗ) ਸੈਸ਼ਨ 2015-16 ਤੋਂ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਖੇ ਮਿਊਜ਼ਿਕ ਵੋਕਲ ਅਤੇ ਤਬਲਾ ਵਿਸ਼ੇ ਇਕੱਠੇ ਪੜ੍ਹਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡਕੇਟ ਪੈਰਾ 87)

(ਘ) ਸੈਸ਼ਨ 2016-17 ਤੋਂ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਕਾਲਜਾਂ/ ਸੰਸਥਾਵਾਂ ਵਿਚ ਅਤੇ ਨਵੇਂ ਕਾਲਜਾਂ/ ਸੰਸਥਾਵਾਂ ਵਿਚ MBA ਅਤੇ MCA ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 88)

**ਪਾਸ ਹੋਇਆ** ਕਿ -

**(I)** ਸਿੰਡੀਕੇਟ ਦੀ ਇਕੱਤਰਤਾ ਮਿਤੀ 29.6.2015 ਦੀਆਂ ਉਕਤ (ੳ) ਤੋਂ (ਖ) ਅਤੇ (ਘ) ਸਿਫਾਰਸ਼ਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**(II)** ਸਿੰਡੀਕੇਟ ਦੀ ਇਕੱਤਰਤਾ ਮਿਤੀ 29.6.2015 ਦੀ ਉਕਤ (ਗ) ਸਿਫਾਰਸ਼ ਵਾਪਸ ਲਈ ਜਾਂਦੀ ਹੈ ਅਤੇ ਸਿੰਡੀਕੇਟ ਨੂੰ ਮੁੜ ਵਿਚਾਰ ਹਿਤ ਭੇਜੀ ਜਾਵੇ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

6. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. 7 ਅਗਸਤ ਨੂੰ ਸ. ਪਰਕਾਸ਼ ਸਿੰਘ ਜੀ ਬਾਦਲ, ਮਾਣਯੋਗ ਮੁਖ ਮੰਤਰੀ, ਪੰਜਾਬ ਨੇ ਯੂਨੀਵਰਸਿਟੀ ਦੇ ਰਿਜ਼ਨਲ ਕੈਂਪਸ, ਸਠਿਆਲਾ ਵਿਖੇ ਅਕਾਦਮਿਕ ਕੰਪਲੈਕਸ ਦਾ ਉਦਘਾਟਨ ਕੀਤਾ।

2. ਯੂਨੀਵਰਸਿਟੀ ਇਕ ਵਾਰ ਫੇਰ ਨਵੀਆਂ ਬੁਲੰਦੀਆਂ ਨੂੰ ਛੋਂਹਦੀ ਹੋਈ ਦੇਸ਼ ਭਰ ਵਿਚੋਂ 12ਵੇਂ ਸਥਾਨ 'ਤੇ ਆਪਣਾ ਮੁਕਾਮ ਬਣਾਉਣ ਵਿਚ ਸਫਲ ਰਹੀ ਹੈ ਜਦ ਕਿ ਪਿਛਲੇ ਸਾਲ ਇਹ 17ਵੇਂ ਸਥਾਨ 'ਤੇ ਸੀ। ਇੰਡੀਆ ਟੂਡੇ ਗਰੁੱਪ- ਨੈਲਸਨ ਸਰਵੇ ਆਫ ਇੰਡੀਆ ਵੱਲੋਂ ਕੀਤੇ ਸਰਵੇਖਣ ਵਿਚ ਸਾਡੀ ਯੂਨੀਵਰਸਿਟੀ ਦੇਸ਼ ਦੀਆਂ ਪਹਿਲੀਆਂ ਪੰਜ ਸਟੇਟ ਯੂਨੀਵਰਸਿਟੀਆਂ ਵਿਚ ਆਪਣਾ ਸਥਾਨ ਬਣਾਉਣ ਵਿਚ ਕਾਮਯਾਬ ਰਹੀ ਹੈ।

3. ਯੂਨੀਵਰਸਿਟੀ ਦੀ ਹਰ ਪੱਖੋਂ ਵਧੀਆ ਕਾਰਗੁਜ਼ਾਰੀ ਸਦਕਾ ਇਸ ਵਾਰ ਵੀ ਵਿਦਿਆਰਥੀਆਂ ਵਿਚ ਰਾਜ ਦੀਆਂ ਯੂਨੀਵਰਸਿਟੀਆਂ ਉੱਤੇ ਪ੍ਰਾਈਵੇਟ ਕਾਲਜਾਂ ਦੀ ਬਜਾਏ ਸਾਡੀ ਯੂਨੀਵਰਸਿਟੀ ਦੇ ਮੇਨ ਕੈਂਪਸ, ਰਿਜ਼ਨਲ ਕੈਂਪਸ ਅਤੇ ਇਸ ਨਾਲ ਸਬੰਧਤ ਕਾਲਜਾਂ ਵੱਲ ਦਾਖਲੇ ਦਾ ਜ਼ਿਆਦਾ ਰੁਝਾਨ ਰਿਹਾ।

4. ਡਾ. ਐਮ.ਐਸ. ਗਿੱਲ, ਸਾਬਕਾ ਕੇਂਦਰੀ ਮੰਤਰੀ ਜੀ ਨੇ ਏਸ਼ੀਆ ਹਾਊਸ ਵਿਚ ਹੋਰ ਕਲਾਸ ਰੂਮ ਬਨਾਉਣ ਲਈ ਆਪਣੇ ਫੰਡ ਵਿਚੋਂ ਯੂਨੀਵਰਸਿਟੀ ਨੂੰ 50.00 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਹੈ।

5. ਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਸੁਬੋਧ ਕੁਮਾਰ ਨੂੰ Ministry of Science & Technology, Govt. of India, New Delhi ਵੱਲੋਂ Fabricated nano-structured organic hybrids Chemosensors and Logic Devices ਪ੍ਰੋਜੈਕਟ ਅਧੀਨ ਤਿੰਨ ਸਾਲ ਲਈ 1,21,36,400/- ਰੁਪਏ ਦੀ ਰਕਮ ਵਿੱਤੀ ਸਹਾਇਤਾ ਵਜੋਂ ਮਨਜ਼ੂਰ ਹੋਈ ਹੈ।

6. ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੀ ਡਾ. ਸਤਵਿੰਦਰਜੀਤ ਕੌਰ ਨੂੰ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ, ਨਵੀਂ ਦਿੱਲੀ ਵੱਲੋਂ 13.50 ਲੱਖ ਰੁਪਏ ਦਾ ਖੋਜ ਪ੍ਰੋਜੈਕਟ Studies on the anti-profile active activity of glycyrrhiza glabra L poly phenols and their role in targeting cellular signaling pathways ਮਿਲਿਆ ਹੈ।

7. ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਨੂੰ ਯੂ.ਜੀ.ਸੀ. ਵੱਲੋਂ ਮਿਤੀ 1.4.2015 ਤੋਂ 31.3.2020 ਤੱਕ ਹੇਠ ਲਿਖੇ ਅਨੁਸਾਰ ਗ੍ਰਾਂਟ ਮਨਜ਼ੂਰ ਹੋਈ ਹੈ:-
   - ਪੰਜਾਬ ਸਕੂਲ ਆਫ ਇਕਨਾਮਿਕਸ ਨੂੰ DRS-II ਤੋਂ DRS-III ਵਿਚ upgrade ਕੀਤਾ ਗਿਆ ਹੈ ਅਤੇ ਉਸ ਨੂੰ 90.50 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ।
   - ਸੋਸ਼ਿਆਲੋਜੀ ਵਿਭਾਗ ਨੂੰ DRS-II ਤੋਂ DRS-III ਵਿਚ upgrade ਕੀਤਾ ਗਿਆ ਹੈ ਅਤੇ ਉਸ ਨੂੰ 83 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ।
   - ਫਿਜ਼ਿਕਸ ਵਿਭਾਗ ਨੂੰ DRS-I ਤੋਂ DRS-II ਵਿਚ upgrade ਕੀਤਾ ਗਿਆ ਹੈ ਅਤੇ ਉਸ ਨੂੰ 64.00 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ।
   - ਪੰਜਾਬੀ ਅਧਿਐਨ ਸਕੂਲ ਨੂੰ DRS-II ਤੋਂ DRS-III ਵਿਚ upgrade ਕੀਤਾ ਗਿਆ ਹੈ ਅਤੇ ਉਸ ਨੂੰ 61.95 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਹੋਈ ਹੈ।

8. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ ਇਸ ਵਾਰ ਜਨਰਲ, ਅਨੁਸੂਚਿਤ ਜਾਤੀ, ਪਛੜੀਆਂ ਸ਼੍ਰੇਣੀਆਂ ਅਤੇ ਅਲਪ-ਸੰਖਿਅਕ ਸ਼੍ਰੇਣੀਆਂ ਨਾਲ ਸਬੰਧਤ 5 ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ/ ਰਾਜ ਪੱਧਰ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ ਹਨ। ਇਨ੍ਹਾਂ ਵਿਚੋਂ 1 ਪੀ.ਸੀ.ਐਸ. (ਜੁਡੀਸ਼ੀਅਲ), 1 ਪਨਸਪ ਵਿਚ ਫੂਡ ਇੰਸਪੈਕਟਰ, 1 ਪੋਸਟ ਆਫਿਸ ਵਿਚ ਅਸਿਸਟੈਂਟ, 1 ਕੈਨਰਾ ਬੈਂਕ ਵਿਚ ਕਲਰਕ ਅਤੇ 1 ਸਟੇਟ ਬੈਂਕ ਆਫ ਇੰਡੀਆ ਵਿਚ ਕਲਰਕ ਨਿਯੁਕਤ ਹੋਏ ਹਨ। ਇਸ ਤੋਂ ਇਲਾਵਾ ਇਨ੍ਹਾਂ ਸ਼੍ਰੇਣੀਆਂ ਨਾਲ ਸਬੰਧਤ 15 ਵਿਦਿਆਰਥੀਆਂ ਨੇ ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵਿਚ ਨੌਕਰੀਆਂ ਹਾਸਿਲ ਕੀਤੀਆਂ ਹਨ।

9. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਜੂਨ, 2015 ਤੋਂ ਲੈ ਕੇ ਹੁਣ ਤੱਕ ਵੋਡਾਫੋਨ ਕੰਪਨੀ ਵੱਲੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ 12 ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ ਅਤੇ ਵੱਖ-ਵੱਖ ਨੈਸ਼ਨਲ/ ਮਲਟੀ ਨੈਸ਼ਨਲ ਕੰਪਨੀਆਂ ਵੱਲੋਂ 7 ਵਿਦਿਆਰਥੀ Off-campus placement ਰਾਹੀਂ ਚੁਣੇ ਗਏ ਹਨ। ਇਸ ਤਰ੍ਹਾਂ ਹੁਣ ਤੱਕ ਬੈਚ-2015 ਦੇ ਕੁਲ 743 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

10. **ਖੇਡ ਵਿਭਾਗ ਦੀਆਂ ਉਪਲੱਬਧੀਆਂ:-**

- 14 ਅਪ੍ਰੈਲ ਨੂੰ ਖੇਡ ਵਿਭਾਗ ਵੱਲੋਂ 45ਵਾਂ ਸਲਾਨਾ ਖੇਡ ਇਨਾਮ ਵੰਡ ਸਮਾਗਮ ਕਰਵਾਇਆ ਗਿਆ ਜਿਸ ਵਿਚ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਆਲ ਇੰਡੀਆ ਇੰਟਰ-ਵਰਸਿਟੀ ਪੱਧਰ 'ਤੇ ਵੱਖ-ਵੱਖ ਖੇਡਾਂ ਵਿਚ ਯੂਨੀਵਰਸਿਟੀ ਦਾ ਨਾਂ ਰੋਸ਼ਨ ਕਰਨ ਵਾਲੇ 400 ਤੋਂ ਵੱਧ ਖਿਡਾਰੀਆਂ ਨੂੰ 50 ਲੱਖ ਰੁਪਏ ਦੇ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਾਕੀ ਖਿਡਾਰੀ ਪਦਮਸ਼੍ਰੀ ਅਜੀਤਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।
- ਨਵਜੀਤ ਢਿੱਲੋਂ, ਅੰਤਰਰਾਸ਼ਟਰੀ ਐਥਲੀਟ ਨੇ 22 ਜੂਨ, 2015 ਨੂੰ ਬੈਂਕਾਕ ਵਿਖੇ ਹੋਏ Asian Athletics Grand Prix ਵਿਚ ਹਿੱਸਾ ਲਿਆ ਅਤੇ ਛੇਵੀਂ ਪੁਜੀਸ਼ਨ ਹਾਸਿਲ ਕੀਤੀ। ਇਸ ਤੋਂ ਇਲਾਵਾ ਉਸਨੇ ਜੁਲਾਈ, 2015 ਵਿਚ ਚੈਨੱਈ ਵਿਖੇ ਹੋਈ 55$^{th}$ National Inter-State Sr. Athletics Championship ਦੇ Shot put ਅਤੇ discuss throw ਮੁਕਾਬਲਿਆਂ ਵਿਚ ਦੋ ਗੋਲਡ ਮੈਡਲ ਵੀ ਜਿੱਤੇ।
- ਖੁਸ਼ਬੀਰ ਕੌਰ, ਅੰਤਰਰਾਸ਼ਟਰੀ ਐਥਲੀਟ ਨੇ 22 ਅਗਸਤ, 2015 ਨੂੰ ਬੀਜਿੰਗ (ਚੀਨ) ਵਿਖੇ ਹੋਈ World Athletic Championship ਵਿਚ ਹਿੱਸਾ ਲਿਆ। ਉਹ ਸਾਲ 2016 ਨੂੰ Rio(Brazil) ਵਿਖੇ ਹੋਣ ਵਾਲੀਆਂ Olympic Games ਲਈ ਵੀ ਚੁਣੀ ਗਈ ਹੈ।
- ਜਸਦੀਪ ਸਿੰਘ ਨੇ ਜੁਲਾਈ, 2015 ਵਿਚ ਚੈਨੱਈ ਵਿਖੇ ਹੋਈ 55$^{th}$ National Inter-State Sr. Athletics Championship ਵਿਚ ਸਿਲਵਰ ਮੈਡਲ ਜਿੱਤਿਆ।
- Priyanshu Kashyap, International Archer ਨੇ 9-12 ਅਗਸਤ, 2015 ਨੂੰ Poland ਵਿਖੇ ਹੋਏ World Cup Stage III Archery Championship ਵਿਚ ਹਿੱਸਾ ਲਿਆ।
- ਯੂਨੀਵਰਸਿਟੀ ਦੇ 10 ਖਿਡਾਰੀਆਂ ਨੇ 3-14 ਜੁਲਾਈ, 2015 ਨੂੰ Gwangju (South Korea) ਵਿਖੇ ਹੋਈਆਂ World University Games-2015 ਵਿਚ ਹਿੱਸਾ ਲਿਆ।

- ਯੂਨੀਵਰਸਿਟੀ ਦੇ 35 ਪੁਰਸ਼ ਅਤੇ ਮਹਿਲਾ ਖਿਡਾਰੀਆਂ ਨੇ 24-27 ਜੂਨ, 2015 ਨੂੰ ਪੌਂਗ ਡੈਮ, ਤਲਵਾੜਾ ਵਿਖੇ ਹੋਈ Federation Cup Dragon Boat (Men & Women) Championship ਵਿਚ ਹਿੱਸਾ ਲਿਆ ਅਤੇ ਚੰਗੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ।

11. 10 ਅਪ੍ਰੈਲ ਨੂੰ ਯੁਵਕ ਭਲਾਈ ਵਿਭਾਗ ਵੱਲੋਂ ਨਾਰਥ ਜ਼ੋਨ ਅਤੇ ਆਲ ਇੰਡੀਆ ਇੰਟਰ-ਵਰਸਿਟੀ ਪੱਧਰ 'ਤੇ ਹੋਏ ਯੁਵਕ ਮੁਕਾਬਲਿਆਂ ਵਿਚ ਨਾਮਨਾ ਖੱਟਣ ਵਾਲੇ ਕਲਾਕਾਰਾਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

12. ਯੂਨੀਵਰਸਿਟੀ ਵੱਲੋਂ ਕਲਾ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਡਾ. ਜਤਿੰਦਰ ਬਰਾੜ ਵੱਲੋਂ ਚਲਾਏ ਜਾ ਰਹੇ ਥਿਏਟਰ ਪੰਜਾਬ ਨਾਟ-ਸ਼ਾਲਾ ਅਤੇ ਡਾ. ਕੇਵਲ ਧਾਲੀਵਾਲ ਵੱਲੋਂ ਚਲਾਏ ਜਾ ਰਹੇ ਮੰਚ ਰੰਗ-ਮੰਚ ਨੂੰ ਸਲਾਨਾ 1.00 ਲੱਖ ਰੁਪਏ (ਹਰੇਕ) ਦੀ ਗ੍ਰਾਂਟ ਮਨਜੂਰ ਕੀਤੀ ਹੈ।

13. 8 ਮਈ ਨੂੰ ਸਪੋਰਟਸ ਹੋਸਟਲ (ਲੜਕੇ) ਅਤੇ ਯੂਨੀਵਰਸਿਟੀ ਬਿਜ਼ਨੈਸ ਸਕੂਲ ਦੀਆ ਇਮਾਰਤਾਂ ਦਾ ਨੀਂਹ ਪੱਥਰ ਰੱਖਿਆ ਗਿਆ ਜਿਨ੍ਹਾਂ 'ਤੇ ਕ੍ਰਮਵਾਰ 6.40 ਕਰੋੜ ਰੁਪਏ ਅਤੇ 8.00 ਕਰੋੜ ਰੁਪਏ ਦੀ ਲਾਗਤ ਆਵੇਗੀ।

14. ਪ੍ਰੋਫੈਸਰ ਪਲਵਿੰਦਰ ਸਿੰਘ ਨੂੰ ਕੈਮਿਸਟਰੀ ਵਿਸ਼ੇ ਵਿਚ ਪਾਏ ਬਹੁਮੁੱਲੇ ਯੋਗਦਾਨ ਸਦਕਾ Chemical Research Society of India, Indian Institute of Science, Banglore ਵਲੋਂ CRSI Bronze Medal ਲਈ ਚੁਣਿਆ ਗਿਆ ਹੈ, ਜੋ ਕਿ ਉਨ੍ਹਾਂ ਨੂੰ CRSI ਦੇ ਜੁਲਾਈ, 2016 ਵਿਚ ਦਾਰਜੀਲਿੰਗ ਵਿਖੇ ਹੋਣ ਵਾਲੇ National Symposium ਦੌਰਾਨ ਦਿੱਤਾ ਜਾਵੇਗਾ।

15. ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੂੰ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ, ਨਵੀਂ ਦਿੱਲੀ ਵੱਲੋਂ ਤਿੰਨ ਸਾਲ ਲਈ ਕੈਂਸਰ ਦੀਆਂ ਬਿਮਾਰੀਆਂ ਬਾਰੇ ਖੋਜ ਕਰਨ ਲਈ ਇਕ ਵੱਡਾ ਪ੍ਰੋਜੈਕਟ ਦਿੱਤਾ ਗਿਆ ਹੈ।

16. ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੇ ਡਾ. ਬਲਵਿੰਦਰ ਸਿੰਘ ਨੂੰ ਉਨ੍ਹਾਂ ਵੱਲੋਂ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਸਦਕਾ 15 ਅਗਸਤ, 2015 ਨੂੰ ਮੋਹਾਲੀ ਵਿਖੇ ਮਨਾਏ ਗਏ ਰਾਜ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਮਾਣਯੋਗ ਮੁੱਖ ਮੰਤਰੀ, ਪੰਜਾਬ ਨੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ।

17. ਯੂਨੀਵਰਸਿਟੀ ਅਤੇ ਇੰਸਟੀਚਿਊਟ ਆਫ ਨਿਊਕਲੀਅਰ ਮੈਡੀਸਨ ਐਂਡ ਅਲਾਈਡ ਸਾਇੰਸਜ਼ (Defence Research and Development Organisation) ਨਵੀਂ ਦਿੱਲੀ ਵਿਚਕਾਰ 3 ਜੁਲਾਈ ਨੂੰ ਅਹਿਮ ਸਮਝੌਤਾ ਹੋਇਆ। ਇਸ ਸਮਝੌਤੇ ਦਾ ਮੁੱਖ ਉਦੇਸ਼ ਸੁਰੱਖਿਆ ਸਬੰਧੀ ਖੋਜ ਤੇ ਵਿਕਾਸ ਕਾਰਜਾਂ ਨੂੰ ਉਤਸ਼ਾਹਿਤ ਕਰਨਾ ਹੈ ਜੋ ਕਿ ਭਵਿੱਖ ਵਿਚ ਦੋਵਾਂ ਸੰਸਥਾਵਾਂ ਦੇ ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਦ ਹੋਵੇਗਾ।

18. ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਿਖੇ ਨਿਊਯਾਰਕ ਤੋਂ ਆਏ ਅਧਿਆਪਕਾਂ ਦੇ ਵਫਦ ਦਾ 3 ਜੁਲਾਈ ਤੋਂ 26 ਜੁਲਾਈ ਤੱਕ ਤਿੰਨ ਹਫਤਿਆਂ

ਦਾ ਕੋਰਸ ਲਗਾਇਆ ਗਿਆ, ਜਿਸ ਵਿਚ ਉਨ੍ਹਾਂ ਨੇ ਪੰਜਾਬੀ ਭਾਸ਼ਾ ਅਤੇ ਸਿੱਖ ਸੱਭਿਆਚਾਰ ਬਾਰੇ ਗਿਆਨ ਪ੍ਰਾਪਤ ਕੀਤਾ। ਇਸ ਦੌਰਾਨ ਇੰਗਲੈਂਡ ਦੇ ਉੱਘੇ ਲੇਖਕ, ਇਤਿਹਾਸਕਾਰ ਅਤੇ ਫਿਲਮ ਨਿਰਮਾਤਾ ਬੌਬੀ ਬਾਂਸਲ ਨੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਯੂਰਪੀਅਨ ਵਿਸ਼ੇ 'ਤੇ ਬਣ ਰਹੀ ਡਾਕੂਮੈਂਟਰੀ ਫਿਲਮ ਬਾਰੇ ਜਾਣੂ ਕਰਵਾਇਆ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

**ਪੱਕੀ ਕੀਤੀ ਗਈ**

ਸਹੀ/-
(ਅ.ਸ. ਬਰਾੜ)
ਉਪ-ਕੁਲਪਤੀ